# ਸਰਬੱਤ ਖ਼ਾਲਸਾ, ਪੰਥਕ ਧਿਰਾਂ ਵੱਲੋਂ ਬਾਦਲ ਪਰਿਵਾਰ ਨੂੰ ਪੰਥ 'ਚੋਂ ਛੇਕਣ ਦਾ ਐਲਾਨ



**ਤਲਵੰਡੀ ਸਾਬੋ/ਮਵਦੀਲਾ ਬਿਓਰੋ**

ਪੰਥਕ ਧਿਰਾਂ ਨੇ ਸਰਬੱਤ ਖ਼ਾਲਸਾ ਵਾਲੀ ਜਗ੍ਹਾ ਉਪਰ ਪੁਲੀਸ ਪ੍ਰਸ਼ਾਸਨ ਨੂੰ ਝਕਾਨੀ ਦੇ ਕੇ ਆਰੰਭ ਕੀਤੇ ਅਖੰਡ ਪਾਠ ਦੇ ਭੋਗ ਤਣਾਅ ਭਰੇ ਮਾਹੌਲ ਵਿੱਚ ਪਾ ਦਿੱਤੇ। ਮੁਤਵਾਜ਼ੀ ਜਥੇਦਾਰਾਂ ਦੀ ਗ਼ੈਰ ਹਾਜ਼ਰੀ ਵਿੱਚ ਪ੍ਰਬੰਧਕਾਂ ਨੇ ਬਾਦਲ ਪਰਿਵਾਰ ਨੂੰ ਪੰਥ ਵਿੱਚੋਂ ਛੇਕ ਦਿੱਤਾ ਅਤੇ ਸੰਗਤਾਂ ਨੂੰ ਉਨ੍ਹਾਂ ਦਾ ਬਾਈਕਾਟ ਕਰਨ ਸੱਦਾ ਦਿੱਤਾ। ਭੋਗ ਨੂੰ ਸਰਬੱਤ ਖ਼ਾਲਸਾ ਦੱਸਦਿਆਂ ਖ਼ਾਲਿਸਤਾਨ ਦੀ ਪ੍ਰਾਪਤੀ ਤੱਕ ਸੰਘਰਸ਼ ਜਾਰੀ ਰੱਖਣ ਦਾ ਐਲਾਨ ਕੀਤਾ।

ਇਸੇ ਦੌਰਾਨ ਸੰਗਤਾਂ ਨੇ ਮੁਤਵਾਜ਼ੀ ਜਥੇਦਾਰਾਂ ਤੇ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੀ ਰਿਹਾਈ ਲਈ ਖੰਡਾ ਚੌਂਕ 'ਚ ਧਰਨਾ ਲਾ ਕੇ ਜਾਮ ਲਾਇਆ, ਜੋ ਦੇਰ ਸ਼ਾਮ ਪੁਲੀਸ ਨੇ ਮੁਤਵਾਜ਼ੀ ਜਥੇਦਾਰਾਂ ਨੂੰ ਰਿਹਾਅ ਕਰਵਾ ਕੇ ਚੁਕਾ ਦਿੱਤਾ। ਮੁਤਵਾਜ਼ੀ ਜਥੇਦਾਰਾਂ ਨੇ ਬਾਦਲ ਪਰਿਵਾਰ ਨੂੰ ਪੰਥ 'ਚੋਂ ਛੇਕਣ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰਨ ਲਈ ਵੀ ਕਿਹਾ। ਪੁਲੀਸ ਨੇ ਸਰਬੱਤ ਖ਼ਾਲਸਾ ਵਾਲੀ ਜਗ੍ਹਾ ਦੀ ਘੇਰਾਬੰਦੀ ਅਤੇ ਵੱਖ-ਵੱਖ ਥਾਵਾਂ ਤੇ ਨਾਕਾਬੰਦੀ ਕਰਕੇ ਸਿੱਖ ਸੰਗਤਾਂ ਨੂੰ ਜਾਣ ਤੋਂ ਰੋਕਣ ਲਈ ਪੂਰੀ ਵਾਹ ਲਾਈ, ਪਰ ਫਿਰ ਵੀ ਵੱਡੀ ਗਿਣਤੀ ਸੰਗਤਾਂ ਪੁਲੀਸ ਨੂੰ ਚਕਮਾ ਦੇ ਕੇ ਰਾਤ ਹੀ ਪੁੱਜ ਗਈਆਂ। ਪੁਲੀਸ ਨੇ ਕਈ ਥਾਈਂ ਸਿੱਖ ਸੰਗਤਾਂ ਨੂੰ ਹਿਰਾਸਤ ਵਿੱਚ ਵੀ ਲਿਆ, ਪਰ ਐਨ ਭੋਗ ਮੌਕੇ ਪੁਲੀਸ ਵੱਲੋਂ ਦਿੱਤੀ ਗਈ ਖੁੱਲ੍ਹ ਦੇ ਚੱਲਦਿਆਂ ਵੱਡੀ ਗਿਣਤੀ ਚ ਸੰਗਤਾਂ ਸਮਾਗਮ ਵਾਲੀ ਥਾਂ ਪੁੱਜ ਗਈਆਂ।

ਪੁਲੀਸ ਨੇ ਕਿਸੇ ਵੱਡੇ ਆਗੂ ਜਥੇਦਾਰਾਂ ਨੂੰ ਸਮਾਗਮ ਦੇ ਨੇੜੇ ਤੇੜੇ ਵੀ ਨਹੀਂ ਢੁੱਕਣ ਦਿੱਤਾ। ਕਿਸੇ ਅਣਸੁਖਾਵੀਂ ਘਟਨਾ ਦੇ ਮੱਦੇਨਜ਼ਰ ਬਠਿੰਡਾ ਰੇਂਜ ਦੇ ਆਈ ਜੀ ਨੇ ਖ਼ੁਦ ਸੁਰੱਖਿਆ ਪ੍ਰਬੰਧਾਂ ਦੀ ਦੇਖ ਰੇਖ ਕੀਤੀ। ਅਖੰਡ ਪਾਠ ਦੇ ਭੋਗ ਉਪਰੰਤ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਦੇ ਪੁੱਤਰ ਭਾਈ ਈਮਾਨ ਸਿੰਘ ਮਾਨ ਅਤੇ ਭਾਈ ਜਸਕਰਨ ਸਿੰਘ ਕਾਹਨ ਸਿੰਘ ਵਾਲਾ ਨੇ ਮੌਜੂਦਾ ਬਾਦਲ ਸਰਕਾਰ ਦੀ ਤੁਲਨਾ ਅਬਦਾਲੀ ਅਤੇ ਜ਼ਕਰੀਆਂ ਖਾਂ ਨਾਲ ਕੀਤੀ। ਉਨ੍ਹਾਂ ਪੰਜਾਬ ਵਿੱਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਬੇਅਦਬੀ ਕਾਂਡ ਦੀ ਜਾਂਚ ਲਈ ਬਣਾਏ ਜੋਰਾ ਸਿੰਘ ਕਮਿਸ਼ਨ ਅਤੇ ਸੀ ਬੀ ਆਈ ਜਾਂਚ ਨੂੰ ਅੱਖਾਂ ਵਿੱਚ ਘੱਟਾ ਪਾਉਣ ਦੇ ਤੁੱਲ ਦੱਸਿਆ। ਭਾਈ ਕਾਹਨ ਸਿੰਘ ਵਾਲਾ ਨੇ ਇਕੱਠ ਨੂੰ ਸਰਬੱਤ ਖ਼ਾਲਸਾ ਐਲਾਨਦਿਆਂ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਅਤੇ ਬਹਿਬਲ ਕਲਾਂ ਗੋਲੀਕਾਂਡ ਲਈ ਜ਼ਿੰਮੇਵਾਰ ਪੁਲੀਸ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ।

## ਵਿਆਹ ਦੌਰਾਨ ਚੱਲੀ ਗੋਲੀ 'ਚ ਆਰਕੈਸਟਰਾ ਲੜਕੀ ਦੀ ਮੌਤ

**ਮੌੜ ਮੰਡੀ (ਮਲੋਟ)/ਮਵਦੀਲਾ ਬਿਓਰੋ**

ਮੌੜ ਮੰਡੀ ਦੇ ਅਸ਼ੀਰਵਾਦ ਰਿਜੋਰਟ ਵਿਚ ਇਕ ਵਿਆਹ ਸਮਾਗਮ 'ਚ ਸਟੇਜ਼ 'ਤੇ ਪ੍ਰੋਗਰਾਮ ਕਰ ਰਹੀ ਆਰਕੈਸਟਰਾ ਕੁਲਵਿੰਦਰ ਕੌਰ ਦੀ ਗੋਲੀ ਲੱਗਣ ਨਾਲ ਹੱਤਿਆ ਹੋ ਗਈ। ਬਠਿੰਡਾ ਪੁਲਿਸ ਬਿੱਲਾ ਨਾਂਅ ਦੇ ਇਕ ਨੌਜਵਾਨ ਸਮੇਤ 4 ਹੋਰ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ, ਪਰ ਦੋਸ਼ੀ ਫ਼ਰਾਰ ਹਨ।

ਗਰਭਵਤੀ ਵੀ ਸੀ। ਇਸ ਮੌਕੇ ਉਨ੍ਹਾਂ ਦੋਸ਼ ਲਾਇਆ ਵੀ.ਡੀ.ਓ. ਕੈਮਰਿਆਂ ਇਸ ਕਾਂਡ ਨਾਲ ਜੁੜੇ ਦੋਸ਼ੀਆਂ ਦੀ ਸਨਾਖ਼ਤ ਹੋ ਸਕਦੀ ਹੈ, ਉਨ੍ਹਾਂ ਦੋਸ਼ ਸੀ ਕਿ 12 ਬੋਰ ਰਾਈਫਲ ਜਿਸ ਨਾਲ ਕੁਲਵਿੰਦਰ ਕੌਰ ਦੀ ਹੱਤਿਆ ਹੋਈ, ਲਾੜੇ ਦੇ ਦੋਸਤ ਦੀ ਸੀ। ਪੁਲਿਸ ਨੇ ਮੁੰਡੇ ਵਾਲੇ ਪਰਿਵਾਰ ਨਾਲ ਸਬੰਧਿਤ ਕੁੱਝ ਵਿਅਕਤੀਆਂ ਨੂੰ ਹਿਰਾਸਤ 'ਚ ਲਿਆ।

ਮ੍ਰਿਤਕਾਂ ਦੇ ਪਤੀ ਰਜਿੰਦਰ ਸਿੰਘ ਵੱਲੋਂ ਮੌੜ ਮੰਡੀ ਪੁਲਿਸ ਪਾਸ ਕੋਲ ਦਰਜ ਕਰਵਾਏ ਬਿਆਨ ਮੁਤਾਬਿਕ ਨਰਿੰਦਰ ਕੁਮਾਰ ਵਾਸੀ ਮੌੜ ਮੰਡੀ ਵੱਲੋਂ ਆਪਣੇ ਲੜਕੇ ਦੇ ਵਿਆਹ ਦਾ ਪ੍ਰੋਗਰਾਮ ਇਕ ਨਿੱਜੀ ਮੈਰਿਜ਼ ਪੈਲਿਸ ਮੌੜ 'ਚ ਰੱਖਿਆ ਹੋਇਆ ਸੀ।




ਮ੍ਰਿਤਕਾਂ ਲੜਕੀ ਦੀ ਲਾਸ਼ ਨੂੰ ਸਿਵਲ ਹਸਪਤਾਲ ਬਠਿੰਡਾ ਵਿਖੇ ਪੋਸਟਮਾਰਟਮ ਲਈ ਲਿਆਂਦਾ ਗਿਆ ਤਾਂ ਲੜਕੀ ਦੇ ਵਾਰਸਾਂ ਤੇ ਉਨ੍ਹਾਂ ਦੇ ਨਾਲ ਆਏ ਲੋਕਾਂ ਨੇ ਲਾਸ਼ ਨੂੰ ਸੜਕ 'ਤੇ ਰੱਖ ਕੇ ਧਰਨਾ ਲਾ ਦਿੱਤਾ। ਉਹ ਮੌੜ ਮੰਡੀ ਪੁਲਿਸ 'ਤੇ ਇਸ ਕੇਸ 'ਚ ਦੋਸ਼ੀ ਪ੍ਰਤੀ ਨਰਮੀ ਵਰਤਣ, ਘਟਨਾ ਵਾਲੀ ਥਾਂ ਪੁਲਿਸ ਦੇ ਦੇਰੀ ਨਾਲ ਪਹੁੰਚਣ ਦੇ ਦੋਸ਼ ਲਾ ਰਹੇ ਸਨ। ਇਸ ਮੌਕੇ ਪਹੁੰਚੇ ਐਸ.ਪੀ. (ਡੀ.) ਬਠਿੰਡਾ ਬਿਕਰਮਜੀਤ ਸਿੰਘ ਨੇ ਭਰੋਸਾ ਦਿੱਤਾ ਕਿ ਇਸ ਹੱਤਿਆ ਕਾਂਡ ਦੀ ਜਾਂਚ ਸੀ. ਆਈ. ਏ. ਸਟਾਫ਼-2 ਦੇ ਸਪੁਰਦ ਕਰ ਦਿੱਤੀ ਗਈ ਹੈ ਤੇ ਦੋਸ਼ੀਆਂ ਨੂੰ 24 ਘੰਟਿਆਂ ਦੇ ਅੰਦਰ-ਅੰਦਰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਇਸ ਭਰੋਸੇ ਦੇ ਬਾਅਦ ਧਰਨਾ ਚੁੱਕ ਲਿਆ ਗਿਆ ਤੇ ਮ੍ਰਿਤਕਾਂ ਦਾ ਪੋਸਟਮਾਰਟਮ ਕਰਕੇ ਲਾਸ਼ ਉਸ ਦੇ ਵਾਰਸਾਂ ਦੇ ਹਵਾਲੇ ਕਰ ਦਿੱਤੀ ਗਈ।

ਜਾਣਕਾਰੀ ਅਨੁਸਾਰ ਆਰਕੈਸਟਰਾਂ ਮਲੋਟ ਦੀ ਟਰੱਕ ਯੂਨੀਅਨ ਦੇ ਪਿਛਲੇ ਮੁਹੱਲੇ 'ਚ ਰਹਿਣ ਵਾਲੀ ਸੀ। ਮ੍ਰਿਤਕਾਂ ਦੋ ਮਹੀਨਿਆਂ ਦੀ

ਪ੍ਰੋਗਰਾਮ ਨੂੰ ਲੈ ਕੇ ਪੰਜਾਬ ਮਿਉਜ਼ੀਕਲ ਗਰੁੱਪ ਸਰਦੂਲਗੜ੍ਹ ਆਰਕੈਸਟਰਾ ਦੀ ਟੀਮ ਨੂੰ ਬੁਲਾਇਆ ਹੋਇਆ ਸੀ। ਜਦ ਮੇਰੀ ਪਤਨੀ ਕੁਲਵਿੰਦਰ ਕੌਰ ਉਰਫ ਜਾਨੂੰ ਸਟੇਜ਼ 'ਤੇ ਪ੍ਰੋਗਰਾਮ ਪੇਸ਼ ਕਰ ਰਹੀ ਸੀ ਤਾਂ ਕੁੱਝ ਨੌਜਵਾਨਾਂ ਵੱਲੋਂ ਚੱਲ ਰਹੇ ਗਾਣਿਆਂ 'ਤੇ ਹੱਥਾਂ 'ਚ ਅਸਲਾ ਫੜ ਕੇ ਭੰਗੜਾ ਪਾਇਆ ਜਾ ਰਿਹਾ ਸੀ ਪ੍ਰੰਤੂ ਬਿੱਲਾ ਨਾਂਅ ਦਾ ਵਿਅਕਤੀ ਸਟੇਜ਼ 'ਤੇ ਚੜ੍ਹਨ ਦੀ ਜਿੱਦ ਕਰ ਰਿਹਾ ਸੀ।

ਜਦ ਸਟੇਜ਼ ਪ੍ਰਬੰਧਕਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਬਿੱਲਾ ਆਪਣੇ ਸਾਥੀ ਦੀ 12 ਬੋਰ ਰਾਈਫਲ ਲੈ ਕੇ ਇਸ ਦਾ ਫ਼ਾਇਰ 'ਤੇ ਡਾਂਸ ਕਰ ਰਹੀ ਕੁਲਵਿੰਦਰ ਕੌਰ ਦੇ ਸਿਰ 'ਚ ਮਾਰਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਕੀ ਦੁਨੀਆਂ ਭਰ ਵਿਚ ਵਸੇ ਭਾਰਤੀਆਂ ਦੇ ਕੋਲ ਮੌਜੂਦ ਕਰੋੜਾਂ ਰੁਪਏ ਦੀ ਭਾਰਤੀ ਕਰੰਸੀ ਰੱਦੀ ਬਣ ਜਾਵੇਗੀ?

**ਜਲੰਧਰ/ ਭਵਨਦੀਪ ਸਿੰਘ ਪੁਰਬਾ**

ਬਹੁਤੇ ਪਰਵਾਸੀ ਭਾਰਤੀ ਅਪਣੇ ਨਾਲ ਵਿਦੇਸ਼ ਜਾਂਦੇ ਸਮੇਂ ਭਾਰਤੀ ਕਰੰਸੀ ਨਾਲ ਲੈ ਜਾਂਦੇ ਹਨ ਤਾਂ ਜੋ ਵਾਪਸ ਪਰਤਨ ਤੇ ਏਅਰਪੋਰਟ ਤੋਂ ਘਰ ਪਹੁੰਚਣ ਤੱਕ ਉਨ੍ਹਾਂ ਨੂੰ ਕਿਸੇ ਵੀ ਮੁਸ਼ਕਲਾਂ ਨਾਲ ਨਾ ਜੂਝਣਾ ਪੈ ਜਾਵੇ ਅਤੇ ਜ਼ਰੂਰੀ ਵਸਤਾਂ ਘਰ ਲਿਜਾ ਸਕਣ। ਹੁਣ ਉਨ੍ਹਾਂ ਪਰਵਾਸੀ ਭਾਰਤੀਆ ਨੂੰ ਬਹੁਤ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਹੜੇ ਵੱਡੀਆਂ ਰਕਮਾਂ ਆਪਣੇ ਨਾਲ ਵਿਦੇਸ਼ ਲੈ ਗਏ ਸਨ।




ਵਿਦੇਸ਼ਾਂ ਵਿਚ ਸਥਿਤ ਬੈਂਕ ਸ਼ਾਖਾਵਾਂ ਪੁਰਾਣੀ ਭਾਰਤੀ ਕਰੰਸੀ ਨੂੰ ਸਵੀਕਾਰ ਨਹੀਂ ਕਰ ਰਹੀਆਂ ਹਨ ਅਤੇ ਹੁਣ ਪਰਵਾਸੀ ਭਾਰਤੀ ਆਪਣੇ ਨਾਲ ਲੈ ਗਏ ਭਾਰਤੀ ਕਰੰਸੀ ਨੂੰ ਜਮ੍ਹਾ ਕਰਾਉਣ ਦੇ ਲਈ ਇੰਨੀ ਜਲਦੀ ਭਾਰਤ ਵਾਪਸ ਵੀ ਨਹੀਂ ਆ ਸਕਦੇ ਹਨ। ਜੇਕਰ ਭਾਰਤ ਸਰਕਾਰ ਪਰਵਾਸੀ ਭਾਰਤੀਆਂ ਦੇ ਇਸ ਮਸਲੇ ਦਾ ਕੋਈ ਵਿਸੇਸ਼ ਹੱਲ ਨਹੀਂ ਕਰਦੀ ਹੈ ਤਾਂ ਇਹ ਕਰੰਸੀ ਕਿਸੇ ਕੰਮ ਨਹੀਂ ਆ ਸਕੇਗੀ। ਕੀ ਇਸ ਤਰ੍ਹਾਂ ਦੁਨੀਆਂ ਭਰ ਵਿਚ ਵਸੇ ਭਾਰਤੀਆਂ ਦੇ ਕੋਲ ਮੌਜੂਦ ਕਰੋੜਾਂ ਰੁਪਏ ਦੀ ਭਾਰਤੀ ਕਰੰਸੀ ਰੱਦੀ ਬਣ ਜਾਵੇਗੀ?

ਇਸੇ ਤਰ੍ਹਾਂ ਭਾਰਤ ਵਿੱਚ ਆਏ ਐਨ.ਆਰ.ਆਈ. ਭੈਣ ਭਰਾਵਾਂ ਨੂੰ ਬੜੀ ਮੁਸ਼ਕਿਲ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੇ ਬੈਂਕਾਂ ਵਿੱਚ ਪਏ ਆਪਣੇ ਲੱਖਾਂ ਰੁਪਏ ਵੀ ਉਨ੍ਹਾਂ ਨੂੰ ਆਪਣੇ ਖਾਤਿਆਂ ਵਿਚੋਂ ਨਹੀਂ ਮਿਲ ਰਹੇ ਹਨ। ਉਨ੍ਹਾਂ ਨੇ ਆਪਣੇ ਭਾਰਤੀ ਖਾਤਿਆਂ ਦੇ ਏ.ਟੀ.ਐਮ. ਵੀ ਨਹੀਂ ਬਣਾਏ ਹਨ ਜਿਸ ਨਾਲ ਉਹ ਆਪਣੀ ਖਰੀਦੋ ਖਰੋਪਤ ਕਰ ਸਕਣ। ਬਹੁਤੇ ਐਨ.ਆਰ.ਆਈ. ਭੈਣ ਭਰਾਵਾਂ ਨੇ ਤਾਂ ਆਪਣੀਂ ਖਰੀਦੋ ਫਰੋਖਤ ਕਰਨ ਦੀ ਰਾਇ ਬਦਲ ਕੇ ਵਾਪਸੀ ਦਾ ਇਰਾਦਾ ਬਣਾ ਲਿਆ ਹੈ।

ਚਾਹੇ ਰਿਜ਼ਰਵ ਬੈਂਕ ਦੇ ਨਿਰਦੇਸ਼ਾਂ ਅਨੁਸਾਰ ਆਪਣੇ ਖਾਤਿਆਂ ਵਿਚੋਂ ਹਰ ਹਫਤੇ 24.000/- ਰੁਪਏ ਕਢਾਉਣ ਦਾ ਹੱਕ ਦਿੱਤਾ ਗਿਆ ਹੈ ਪਰ ਇਸ ਨਿਰਦੇਸ਼ ਤੇ ਕੋਈ ਖਾਸ ਅਮਲ ਨਹੀਂ ਹੋ ਰਿਹਾ ਹੈ। ਭਾਰਤ ਵਿੱਚ ਬੈਂਕਾਂ ਮੂਹਰੇ ਲੱਗੀਆਂ ਲੰਮੀਆਂ-ਲੰਮੀਆਂ ਲਾਈਨਾ ਅਤੇ ਜ਼ਿਆਦਾ ਟਾਈਮ ਬੰਦ ਪਏ ਰਹਿੰਦੇ ਏ.ਟੀ.ਐਮ. ਲੋਕਾਂ ਲਈ ਮੁਸ਼ਕਿਲ ਦੀ ਘੜੀ ਬਣੀ ਹੋਈ ਹੈ।

## 'ਆਪ' ਪੰਜਾਬ ਦੇ ਕਨਵੀਨਰ ਗੁਰਪ੍ਰੀਤ ਸਿੰਘ ਘੁੱਗੀ ਆਪਣੇ ਹਲਕੇ ਬਟਾਲਾ ਸ਼ਹਿਰ ਤੋਂ ਹੀ ਚੋਣ ਲੜਣਗੇ



**ਚੰਡੀਗੜ੍ਹ/ਮਵਦੀਲਾ ਬਿਓਰੋ**

'ਆਪ' ਵੱਲੋਂ ਜਾਰੀ ਕੀਤੀ ਗਈ ਸੂਚੀ ਤਹਿਤ ਪੰਜਾਬ ਇਕਾਈ ਦੇ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ (ਘੁੱਗੀ) ਨੂੰ ਵਿਧਾਨ ਸਭਾ ਹਲਕਾ ਬਟਾਲਾ ਤੋਂ ਟਿਕਟ ਦਿੱਤੀ ਗਈ ਹੈ। ਆਮ ਆਦਮੀ ਪਾਰਟੀ ('ਆਪ') ਪੰਜਾਬ ਦੇ ਕਨਵੀਨਰ ਆਪਣੇ ਰਿਹਾਇਸ਼ੀ ਵਿਧਾਨ ਸਭਾ ਹਲਕੇ ਬਟਾਲਾ ਤੋਂ ਹੀ ਚੋਣ ਲੜਣਗੇ। ਉਨ੍ਹਾਂ ਦਾ ਜੱਦੀ ਪਿੰਡ ਖੋਖਰ ਫੌਜੀਆਂ ਬਟਾਲਾ ਵਿਧਾਨ ਸਭਾ ਹਲਕੇ ਵਿੱਚ ਪੈਂਦਾ ਹੈ। ਸ੍ਰੀ ਵੜੈਚ ਨੇ ਕਿਹਾ ਕਿ ਉਹ ਆਪਣੇ ਪਿੰਡ ਅਤੇ ਹਲਕੇ ਨਾਲ ਸ਼ੁਰੂ ਤੋਂ ਹੀ ਜੁੜੇ ਹੋਏ ਹਨ ਅਤੇ ਉਨ੍ਹਾਂ ਨੇ ਆਪਣੇ ਹਲਕੇ ਵਿੱਚੋਂ ਹੀ ਚੋਣ ਲੜਨ ਨੂੰ ਤਰਜੀਹ ਦਿੱਤੀ ਹੈ।

## ਦਰਦਨਾਕ ਹਾਦਸੇ ਵਿੱਚ 13 ਸਕੂਲ ਅਧਿਆਪਕਾਂ ਦੀ ਮੌਤ

**ਫ਼ਾਜ਼ਿਲਕਾ/ਮਵਦੀਲਾ ਬਿਓਰੋ**

ਧੁੰਦ ਕਾਰਨ ਫ਼ਾਜ਼ਿਲਕਾ ਵਿਖੇ ਹੋਇਆ ਦਰਦਨਾਕ ਹਾਦਸੇ ਵਿੱਚ 13 ਸਕੂਲ ਅਧਿਆਪਕਾਂ ਦੀ ਮੌਤ ਹੋ ਗਈ। ਹਾਦਸਾ ਫਿਰੋਜ਼ਪੁਰ-ਫਾਜ਼ਿਲਕਾ ਸੜਕ 'ਤੇ ਚਾਂਦਮਾਰੀ ਪਿੰਡ 'ਚ ਬੱਸ ਸਟੈਂਡ ਨੇੜੇ ਹੋਇਆ। ਇਹ ਹਾਦਸਾ ਵੈਨ ਤੇ ਟਰੱਕ ਵਿਚਕਾਰ ਸੰਘਣੀ ਧੁੰਦ ਕਾਰਨ ਵਾਪਰਿਆ। ਗੱਡੀ ਵਿੱਚ ਸਵਾਰ ਅਧਿਆਪਕ ਵੱਖ ਵੱਖ ਸਕੂਲਾਂ ਦੇ ਸਨ ਅਤੇ ਰੋਜ਼ਾਨਾ ਉਹ ਨਿੱਜੀ ਗੱਡੀ ਰਾਹੀਂ ਅਬੋਹਰ ਆਪੋ ਆਪਣੇ ਸਕੂਲਾਂ ਵਿੱਚ ਜਾਂਦੇ ਸਨ।

ਇਹ ਗੱਡੀ 14 ਅਧਿਆਪਕਾਂ ਨੂੰ ਲੈ ਕੇ ਸਵੇਰੇ ਸੱਤ ਜਿਵੇਂ ਹੀ ਵੈਨ ਫਾਜ਼ਿਲਕਾ ਸੜਕ 'ਤੇ ਪਿੰਡ ਚਾਂਦਮਾਰੀ ਨੇੜੇ ਪਹੁੰਚੀ ਤਾਂ ਇਸ ਦੀ ਟਰੱਕ ਨਾਲ ਸਿੱਧੀ ਟੱਕਰ ਹੋ ਗਈ। ਹਾਦਸਾ ਇਨਾ ਭਿਆਨਕ ਸੀ ਕਿ ਵਾਹਨ ਦੇ ਪਰਖੱਚੇ ਉੱਡ ਗਏ। ਮ੍ਰਿਤਕਾਂ ਵਿੱਚ ਅੱਠ ਪੁਰਸ਼ ਅਤੇ 5 ਮਹਿਲਾਵਾਂ ਸ਼ਾਮਲ ਸਨ। ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਫਰਾਰ ਹੋ ਗਿਆ ਹੈ। ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਵੱਲੋਂ ਫਾਜਿਲਕਾ ਨੇੜੇ ਸੜਕ ਹਾਦਸੇ ਵਿੱਚ ਮਾਰੇ ਗਏ ਅਧਿਆਪਕਾਂ ਦੇ ਦੇਹਾਂਤ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਮ੍ਰਿਤਕ ਅਧਿਆਪਕਾਂ ਦੇ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਨ ਲਈ ਡਾ. ਚੀਮਾ ਖੁਦ ਫਾਜਿਲਕਾ ਗਏ।